**ਦਫਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋ:ਨਿ:ਵਿ:ਭਤੇਮ ਸ਼ਾਖਾ,**
**ਚੌਥੀ ਮੰਜਿਲ, ਬਲਾਕ-ਸੀ, ਮਿੰਨੀ ਸਕੱਤਰੇਤ, ਪਟਿਆਲਾ।**
**Email id: eecdptapwdpb@gmail.com**

---

ਸੇਵਾ ਵਿਖੇ,

ਪ੍ਰਿੰਸੀਪਲ,
ਡੀ.ਏ.ਵੀ ਪਬਲਿਕ ਸੀਨੀਅਰ ਸਕੈਂਡਰੀ ਸਕੂਲ,
ਸਮਾਣਾ, ਜਿਲਾ ਪਟਿਆਲਾ।

ਮੀਮੋ ਨੰ. 3613 ਮਿਤੀ: 05-12-2022

ਵਿਸ਼ਾ:- ਡੀ.ਏ.ਵੀ ਪਬਲਿਕ ਸੀਨੀਅਰ ਸਕੈਂਡਰੀ ਸਕੂਲ, ਸਮਾਣਾ ਜਿਲਾ ਪਟਿਆਲਾ ਨੂੰ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ: DAV Samana/403/2022-23 ਮਿਤੀ 04.10.2022.

ਉਪਰੋਕਤ ਵਿਸ਼ੇ ਸਬੰਧੀ ਸਕੂਲ ਬਿਲਡਿੰਗ ਦੀ ਇੰਸਪੈਕਸ਼ਨ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ, ਲੋ.ਨਿ.ਵਿ. ਭਤੇਮ ਸ਼ਾਖਾ, ਸਮਾਣਾ ਵੱਲੋਂ ਕੀਤੀ ਗਈ ਹੈ ਕਿ ਉਹਨਾਂ ਵੱਲੋਂ ਮਿਤੀ 21.11.2022 ਨੂੰ ਵਿਸ਼ੇ ਅਧੀਨ ਸਕੂਲ ਦੀ ਇੰਸਪੈਕਸ਼ਨ ਕੀਤੀ ਗਈ ਅਤੇ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਹੈ ਕਿ ਇਹ ਬਿਲਡਿੰਗ ਦੇਖਣ ਨੂੰ ਸੇਫ ਜਾਪਦੀ ਹੈ। ਇਸ ਸਕੂਲ ਦੀ ਬਿਲਡਿੰਗ ਸਾਲ 2007 ਵਿੱਚ ਬਣੀ ਹੋਈ ਹੈ ਅਤੇ ਬਿਲਡਿੰਗ ਦਾ ਕੁੱਝ ਏਰੀਆ 2017 ਵਿੱਚ ਬਣਿਆ ਹੋਇਆ ਹੈ। ਇਹ ਬਿਲਡਿੰਗ RCC Framed Structures ਦੀ ਬਣੀ ਹੋਈ ਹੈ ਅਤੇ ਇਸ ਬਿਲਡਿੰਗ ਦਾ ਕੁੱਲ ਏਰੀਆ (G.F.+F.F+S.F: 35963+35963+35963=107889.00 ਸਕੇਅਰ ਫੁੱਟ ਬਣਦਾ ਹੈ। ਇਸ ਸਕੂਲ ਦਾ ਸਾਲ 2022-27 ਅਪਟੂ 31.03.2027 (5 ਸਾਲ) ਲਈ ਬਿਲਡਿੰਗ ਸੇਫਟੀ ਸਰਟਿਫੀਕੇਟ ਹੇਠ ਲਿਖੀ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ:-

1. ਸਕੂਲ ਪ੍ਰਬੰਧਕਾਂ ਵਲੋਂ ਜੇਕਰ ਸਕੂਲ ਦੀ ਬਿਲਡਿੰਗ ਵਿੱਚ ਕੋਈ ਐਡੀਸ਼ਨ/ਰੈਨੋਵੇਸ਼ਨ ਕੀਤੀ ਜਾਵੇਗੀ ਤਾਂ ਉਸ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।
2. ਸਕੂਲ ਪ੍ਰਬੰਧਕਾਂ ਵੱਲੋਂ ਬਿਲਡਿੰਗ ਦਾ ਫਾਇਰ ਸਰਟੀਫਿਕੇਟ ਹਰ ਸਾਲ ਰੀਨਿਊ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭਤੇਮ ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋ.ਨਿ.ਵਿ. ਭਤੇਮ ਸ਼ਾਖਾ, ਸਮਾਣਾ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰ: 493 ਮਿਤੀ 30-11-2022 ਦੇ ਹਵਾਲੇ ਵਿੱਚ ਸਮੇਤ ਪ੍ਰਾਪਤ ਹੋਇਆ ਡੀ.ਡੀ. ਨੰ: 446163 ਮਿਤੀ 03-11-2022 ਬਾਬਤ ਰਕਮ 1,00,000/- ਰੁਪਏ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਡੀਮਾਂਡ ਡਰਾਫਟ ਨੂੰ ਆਪਣੀ ਕੈਸ਼ ਬੁੱਕ ਵਿੱਚ ਦਰਜ ਕਰਕੇ ਅੰਡਰ ਹੈਡ 8782 ਖਜ਼ਾਨਾ ਦਫਤਰ ਵਿੱਚ ਜਮਾਂ ਕਰਵਾਇਆ ਜਾਵੇ।

ਨੱਥੀ/ਡਰਾਫਟ ਉਕਤ ਅਨੁਸਾਰ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭ.ਤੇਮ. ਸ਼ਾਖਾ,
ਪਟਿਆਲਾ।